Exam.Code:0033
Sub. Code: 0958

2012
B.Sc. (Hons.) Biotechnology
First Semester
BIOT-Sem-I-II-T: Punjabi
(Same for B.Sc. Bioinformatics and Agriculture First Semester )

Time allowed: 3 Hours

Max. Marks: 45

*x-x-x*

1. ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ **ਇਕ** ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਧਰਤੀ ਦੇ ਹੇਠਾਂ
ਧੌਲ ਹੈ ਧਰਮ ਹੈ
ਇਕ ਮੇਰੀ ਧੀ ਹੈ
ਧਰਤੀ ਤਾਂ ਬੋਝ ਹੈ
ਦੁਖ ਹੈ ਕੋਝ ਹੈ
ਸਹਿੰਦੀ ਹੈ ਧੀ
ਪਰ ਕਹਿੰਦੀ ਨਾ ਸੀ ਹੈ

ਜਾਂ

(ਅ) ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ

ਅੰਕ-5

2. ਕਿਸੇ **ਇਕ** ਕਵਿਤਾ ਦਾ ਵਿਸ਼ਾ ਦੱਸਕੇ ਸਾਰ ਆਪਣੇ ਸ਼ਬਦਾਂ ਵਿਚੋਂ ਲਿਖੋ:

(ੳ) ਕੰਬਦੀ ਕਲਾਈ (ਭਾਈ ਵੀਰ ਸਿੰਘ)
(ਅ) ਦੁਆਈਆ (ਡਾ. ਜਗਤਾਰ)

ਅੰਕ-8

3. ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਕਿਸੇ **ਪੰਜ** ਦੇ ਸੰਖੇਪ ਉੱਤਰ ਦਿਓ:

(ੳ) "ਕੰਬਦੀ ਕਲਾਈ" ਕਵਿਤਾ ਵਿਚ ਕਵੀ ਨੇ 'ਤੁਸੀਂ' ਦਾ ਸੰਬੋਧਨ ਕਿਸ ਲਈ ਵਰਤਿਆ ਹੈ?
(ਅ) "ਪਸ਼ੂ ਚਰਦੇ" ਕਵਿਤਾ ਦੇ ਥੀਮ ਬਾਰੇ ਟਿਪਣੀ ਕਰੋ?
(ੲ) ਖ਼ਾਨਗਾਹ ਤੇ ਦੀਵਾ ਕਿਉਂ ਬਾਲਿਆ ਜਾਂਦਾ ਹੈ?
(ਸ) ਹਿੰਦ-ਪਾਕ ਦੀ ਵੰਡ ਦੌਰਾਨ ਕਵ੍ਰਿਤਰੀ ਵਾਰਿਸ ਸ਼ਾਹ ਨੂੰ ਕਿਉਂ ਯਾਦ ਕਰਦੀ ਹੈ?
(ਹ) ਸ਼ਿਵ ਕੁਮਾਰ ਬਟਾਲਵੀ ਨੇ ਲੂਣਾ ਦੇ ਚਰਿਤਰ ਦੀ ਕਿਵੇਂ ਪੇਸ਼ਕਾਰੀ ਕੀਤੀ ਹੈ?
(ਕ) "ਹੁਣ ਘਰਾਂ ਨੂੰ ਪਰਤਣਾ" ਬੜਾ ਮੁਸ਼ਕਿਲ ਹੈ, ਕਿਸ ਸਥਿਤੀ ਦੀ ਸੂਚਕ ਹੈ?
(ਖ) "ਸੁਪਨਿਆਂ ਦੇ ਮਰ ਜਾਣਾ" ਨੂੰ ਪਾਸ਼ ਖਤਰਨਾਕ ਕਿਉਂ ਕਹਿੰਦਾ ਹੈ?

ਅੰਕ-5×1=5

P.T.O.

4. ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਇਕ ਚਿੱਠੀ ਲਿਖੋ, ਜਿਸ ਵਿਚ ਆਪਣੇ ਇਲਾਕੇ ਵਿਚ ਦਿਨ-ਬ-ਦਿਨ ਵਧ ਰਹੀ ਗੁੰਡਾਗਰਦੀ ਦੀ ਸ਼ਿਕਾਇਤ ਕਰਦਿਆਂ ਇਸ ਉੱਤੇ ਕਾਬੂ ਪਾਉਣ ਦੀ ਪ੍ਰਾਰਥਨਾ ਕਰੋ।

ਜਾਂ

ਫ਼ਿਲਮਾਂ ਦੇ ਆਜੋਕੇ ਜੀਵਨ ਉਪਰ ਚੰਗੇ ਤੇ ਮੰਦੇ ਪ੍ਰਭਾਵਾਂ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇਕ ਪੱਤਰ ਲਿਖੋ।

ਅੰਕ-7

5. (ੳ) **ਵਿਸ਼ਰਾਮ ਚਿੰਨ੍ਹ ਲਗਾਉ:**

ਛਡ ਦੇ ਚਾਚਾ ਅਧਖੜ ਨੇ ਉਹਨੂੰ ਵਰਜਿਆ ਚੋਣ ਕਰਨ ਦਾ ਹੱਕ ਮੇਰਾ ਏ ਤੇ ਮੈਂ ਨਜ਼ੀਰ ਨੂੰ ਚੁਣਿਆ ਏ।

(ਅ) ਹੇਠਲੇ **ਵਾਕ** ਨੂੰ ਹਰ ਪੱਖ ਤੋਂ ਸ਼ੁੱਧ ਕਰਕੇ ਲਿਖੋ:

ਮੈ ਨਾਲ ਬਾਲੇ ਦੁਕਾਣ ਤੋਂ ਦੋ ਕਾਪੀਆਂ ਅਤੇ ਇਕ ਪੈੱਨ ਖ਼ਰੀਦੀਆਂ।

(ੲ) ਨਿਮਨ ਮੁਹਾਵਰਿਆ ਵਿਚੋਂ ਕਿਸੇ **ਚਾਰ** ਨੂੰ ਵਾਕਾਂ ਵਿਚ ਵਰਤੋਂ:

ਉੱਚਾ ਸਾਹ ਨਾਂ ਕੱਢਣਾ, ਉਲਟੀ ਪੱਟੀ ਪੜ੍ਹਾਉਣੀ, ਅੱਖਾਂ ਵਿੱਚ ਲਾਲੀ ਉਤਰਨੀ, ਈਦ ਦਾ ਚੰਦ ਹੋਣਾ, ਕੱਖ ਭੰਨ ਕੇ ਦੂਹਰਾ ਨਾ ਕਰਨਾ, ਮਿੱਟੀ ਦਾ ਮਾਧੋ, ਖ਼ੂਨ ਸਫੈਦ ਹੋਣਾ, ਜੁੱਤੀ ਦਾ ਯਾਰ।

ਅੰਕ-3+3+4=10

6. ਹੇਠ ਲਿਖੇ ਕਵੀਆਂ ਵਿਚੋਂ ਕਿਸੇ **ਇਕ** ਕਵੀ ਦੇ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ, ਉਸ ਦੇ ਸਾਹਿਤਕ ਯੋਗਦਾਨ ਬਾਰੇ ਚਰਚਾ ਕਰੋ:

(ੳ) ਡਾ. ਹਰਿਭਜਨ ਸਿੰਘ (ਅ) ਭਾਈ ਵੀਰ ਸਿੰਘ (ੲ) ਸੁਰਜੀਤ ਪਾਤਰ

ਅੰਕ-10

*x-x-x*